# ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
## ਸਰਵ ਸਿੱਖਿਆ ਅਭਿਆਨ ਅਥਾਰਿਟੀ,ਪੰਜਾਬ

ਐਸ ਸੀ ਓ 104-06, ਸੈਕਟਰ 34-ਏ,ਚੰਡੀਗੜ੍ਹ।ਫ਼ੋਨ ਨੰ:0172-5065104 ਫ਼ੈਕਸ:0172-2624687
ਈ-ਮੇਲ: pedb2012@gmail.com


ਵੱਲ (ਵੈੱਬਸਾਈਟ ਰਾਹੀਂ)

ਸਮੂਹ ਮੰਡਲ ਸਿੱਖਿਆ ਅਫਸਰ,
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਪੰਜਾਬ।

ਮੀਮੋ ਨੰ: - ਸਸਅ/2013/ਐਫ.ਟੀ.ਬੀ/5088
ਮਿਤੀ, ਚੰਡੀਗੜ੍ਹ: 13 ਮਾਰਚ, 2013

**ਵਿਸ਼ਾ: ਵਿੱਦਿਅਕ ਸਾਲ 2013-14 ਲਈ ਕਿਤਾਬਾਂ ਦੀ ਸੁਚਾਰੂ ਵੰਡ ਕਰਨ ਸਬੰਧੀ ਹਦਾਇਤਾਂ ਜਾਰੀ ਕਰਨ ਬਾਰੇ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਕ੍ਰਿਪਾਲਤਾ ਕਰੋ ਜੀ।

2.0 ਜਿਵੇਂ ਕਿ ਆਪ ਨੂੰ ਪਤਾ ਹੀ ਹੈ ਕਿ ਵਿੱਦਿਅਕ ਸਾਲ 2013-14 ਦੀ ਸ਼ੁਰੂਆਤ ਨੇੜੇ ਆ ਰਹੀ ਹੈ ਅਤੇ ਸਰਵ ਸਿੱਖਿਆ ਅਭਿਆਨ ਸਕੀਮ ਤਹਿਤ ਸਮੂਹ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਵਿਦਿਆਰਥੀਆਂ ਨੂੰ ਵਿੱਦਿਅਕ ਸੈਸ਼ਨ ਦੇ ਪਹਿਲੇ ਦਿਨ ਭਾਵ 1 ਅਪ੍ਰੈਲ 2013 ਤੋਂ ਮੁਫਤ ਕਿਤਾਬਾਂ ਮੁਹੱਈਆ ਕਰਵਾਈਆਂ ਜਾਣੀਆਂ ਹਨ।

3.0 ਇਨ੍ਹਾਂ ਕਿਤਾਬਾਂ ਦੀ ਛਪਾਈ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਈ ਜਾਣੀ ਹੈ ਅਤੇ ਬਲਾਕ ਪੱਧਰ ਤੱਕ ਕਿਤਾਬਾਂ ਪਹੁੰਚਾਉਣ ਦੀ ਜ਼ਿਮੇਵਾਰੀ ਵੀ ਬੋਰਡ ਦੀ ਹੈ। ਬਲਾਕ ਪੱਧਰ ਤੋਂ ਸਕੂਲਾਂ ਤੱਕ ਕਿਤਾਬਾਂ ਪਹੁੰਚਾਉਣ ਦਾ ਸਮੁੱਚਾ ਕਾਰਜ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਦੀ ਦੇਖ-ਰੇਖ ਹੇਠ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਜ਼ਿਲ੍ਹਾ ਕੋਆਰਡੀਨੇਟਰਜ਼ (ਟੈਕਸਟ ਬੁਕਸ) ਅਤੇ ਬਲਾਕ ਰਿਸੋਰਸ ਪਰਸਨ (ਟੈਕ.ਬੁਕਸ) ਕਰਨਗੇ।

4.0 ਸਕੂਲ ਮੁਖੀ ਆਪਣੇ ਸਕੂਲ ਵਿੱਚ ਕਿਸੇ ਕਰਮਚਾਰੀ ਨੂੰ ਕਿਤਾਬਾਂ ਸਹੀ ਗਿਣਤੀ ਵਿੱਚ ਪ੍ਰਾਪਤ ਕਰਨ, ਵਿਦਿਆਰਥੀਆਂ ਨੂੰ ਵੰਡਣ ਦੀ ਜ਼ਿਮੇਵਾਰੀ ਸੰਭਾਲਣਗੇ ਅਤੇ ਕਿਤਾਬਾਂ ਪ੍ਰਾਪਤ ਕਰਨ ਦੀ ਰਸੀਦ ਸਬੰਧਤ ਬਲਾਕ ਜਾਂ ਜ਼ਿਲ੍ਹਾ ਅਧਿਕਾਰੀ ਨੂੰ ਦੇਣਗੇ। ਅਨੁਸੂਚਿਤ ਵਿਦਿਆਰਥੀਆਂ ਅਤੇ ਗੈਰ-ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦਾ ਵੱਖ-2 ਲੇਖਾ ਰੱਖਿਆ ਜਾਵੇ ਤਾਂ ਕਿ ਭਲਾਈ ਵਿਭਾਗ ਪੰਜਾਬ ਨਾਲ ਲੇਖਾ-ਮਿਲਾਣ ਕਰਨ ਵਿੱਚ ਕੋਈ ਸਮੱਸਿਆ ਨਾ ਆਵੇ। ਹਰ ਸਕੂਲ ਵਿੱਚ ਕਿਤਾਬਾਂ ਦੀ ਵੰਡ ਸਬੰਧੀ ਰਜਿਸਟਰ ਤਿਆਰ/ਅੱਪ-ਡੇਟ ਕੀਤੇ ਜਾਣ ਜੋ ਕਿ ਨਿਰੀਖਣ ਟੀਮਾਂ ਵੱਲੋਂ ਕਿਸੇ ਵੀ ਸਮੇਂ ਚੈੱਕ ਕੀਤੇ ਜਾ ਸਕਦੇ ਹਨ।

5.0 ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਯਕੀਨੀ ਬਣਾਉਣਗੇ ਕਿ ਬਲਾਕ ਅਤੇ ਸਕੂਲ ਪੱਧਰ ਤੇ ਕਿਤਾਬਾਂ ਦੀ ਸਾਂਭ-ਸੰਭਾਲ ਦੇ ਪ੍ਰਬੰਧ ਪੁਖਤਾ ਹਨ ਤਾਂ ਜੋ ਕਿਤਾਬਾਂ ਦੇ ਰੱਖ-ਰਖਾਅ ਵਿੱਚ ਕੋਈ ਕਮੀ ਪੇਸ਼ ਨਾ ਆਵੇ ਅਤੇ ਵਿਦਿਆਰਥੀਆਂ ਨੂੰ ਸਾਫ-ਸੁਥਰੀਆਂ ਕਿਤਾਬਾਂ ਉਪਲਬਧ ਕਰਵਾਈਆਂ ਜਾ ਸਕਣ।

6.0 ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਆਪਣੇ ਜ਼ਿਲ੍ਹੇ ਨਾਲ ਸਬੰਧਤ ਸਾਰੇ ਸਕੂਲ ਮੁਖੀਆਂ ਨੂੰ ਹਦਾਇਤਾਂ ਜਾਰੀ ਕਰਨਗੇ ਅਤੇ ਜਰੂਰਤ ਅਨੁਸਾਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਨੂੰ ਹਰ ਸਹਿਯੋਗ ਦੇਣਗੇ ਤਾਂ ਜੋ ਕਿਤਾਬਾਂ ਦੀ ਵੰਡ ਦਾ ਕੰਮ ਸੁਚਾਰੂ ਰੂਪ ਵਿੱਚ ਨੇਪਰੇ ਚੜ੍ਹਾਇਆ ਜਾ ਸਕੇ।

7.0 ਸਬੰਧਤ ਬਲਾਕ ਅਤੇ ਜ਼ਿਲ੍ਹੇ ਵੱਲੋਂ ਕਿਤਾਬਾਂ ਦੀ ਢੋਅ-ਢੁਆਈ ਦਾ ਖਰਚਾ ਸਰਵ ਸਿੱਖਿਆ ਅਭਿਆਨ ਦੀ ਮੈਨੇਜਮੈਂਟ ਕੌਸਟ ਵਿੱਚੋਂ ਕੀਤਾ ਜਾਵੇਗਾ ਅਤੇ ਇਸ ਕੀਤੇ ਗਏ ਖਰਚ ਦਾ ਹਿਸਾਬ ਰੱਖਿਆ ਜਾਵੇਗਾ। ਇਹ ਖਰਚਾ ਹਾਲ ਦੀ ਘੜੀ ਮੈਨੇਮੈਂਟ ਕੌਸਟ ਵਿੱਚੋਂ ਕਰ ਲਿਆ ਜਾਵੇ ਬਾਅਦ ਵਿੱਚ ਜੇਕਰ ਸੰਭਵ ਹੋਇਆ ਤਾਂ ਇਸ ਦੀ ਪ੍ਰਤੀ-ਪੂਰਤੀ ਮੁੱਖ ਦਫਤਰ ਵੱਲੋਂ ਕਰ ਦਿੱਤੀ ਜਾਵੇਗੀ।

8.0 ਕਿਤਾਬਾਂ ਦੀ ਵੰਡ ਦੇ ਮਾਮਲੇ ਵਿੱਚ ਕਿਸੇ ਵੀ ਜਾਣਕਾਰੀ ਲਈ ਮੁੱਖ ਦਫਤਰ ਦੇ ਫੋਨ ਨੰ: 0172-5015853 ਜਾਂ ਰਿਸੈਪਸ਼ਨ ਦੇ ਫੋਨ ਨੰ: 0172-5015864-865 ਤੋਂ ਐਕਸਟੈਂਸ਼ਨ 853 ਤੇ ਸੰਪਰਕ ਕੀਤਾ ਜਾ ਸਕਦਾ ਹੈ।

9.0 ਆਪ ਵੱਲੋਂ ਪੂਰੇ ਸਹਿਯੋਗ ਦੀ ਆਸ ਕਰਦੇ ਹਾਂ।

ਸਟੇਟ ਪ੍ਰੋਜੈਕਟ ਡਾਇਰੈਕਟਰ,
ਸਰਵ ਸਿੱਖਿਆ ਅਭਿਆਨ ਅਥਾਰਿਟੀ, ਪੰਜਾਬ

ਪਿੱਠ ਅੰਕਣ ਨੰ:-ਉਕਤ- ਮਿਤੀ : 13 ਮਾਰਚ, 2013

ਉਤਾਰਾ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਉਨ੍ਹਾਂ ਦੀ ਜਾਣਕਾਰੀ ਅਤੇ ਯੋਗ ਕਾਰਵਾਈ ਹਿੱਤ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਵਿੱਦਿਅਕ ਸਾਲ 2013-14 ਲਈ ਪਹਿਲਾਂ ਤੋਂ ਭੇਜੇ ਸਪਲਾਈ ਆਰਡਰ ਅਨੁਸਾਰ ਕਿਤਾਬਾਂ ਦੀ ਪਹੁੰਚ ਜਲਦੀ ਯਕੀਨੀ ਬਣਾਈ ਜਾਵੇ।

ਸਟੇਟ ਪ੍ਰੋਜੈਕਟ ਡਾਇਰੈਕਟਰ,
ਸਰਵ ਸਿੱਖਿਆ ਅਭਿਆਨ ਅਥਾਰਿਟੀ, ਪੰਜਾਬ